# ਦਫਤਰ ਡਾਇਰੈਕਟਰ ਸਿੱਖਿਆ(ਸੈ.ਸਿ), ਪੰਜਾਬ

(ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਐਸ.ਏ.ਐਸ ਨਗਰ)

## ਪਬਲਿਕ ਨੋਟਿਸ

**(ਲੈਕਚਰਾਰ ਕਾਡਰ (ਬੈਕਲਾਗ ਅਤੇ ਸਿੱਧੀ ਭਰਤੀ) ਦੀਆਂ ਅਸਾਮੀਆਂ ਵਿਰੁੱਧ ਸਿਲੈਕਟ ਹੋਏ ਉਮੀਦਵਾਰਾਂ ਨੂੰ ਸਟੇਸ਼ਨ ਅਲਾਟ ਕਰਨ ਲਈ ਸੱਦਾ)**

1.0 ਸਿੱਖਿਆ ਵਿਭਾਗ, ਪੰਜਾਬ ਵਿੱਚ ਲੈਕਚਰਾਰ ਕਾਡਰ(ਬੈਕਲਾਗ ਅਤੇ ਸਿੱਧੀ ਭਰਤੀ) ਦੀਆਂ ਵੱਖ-ਵੱਖ ਵਿਸ਼ਿਆ ਦੀਆਂ ਅਸਾਮੀਆ ਭਰਤੀ ਲਈ ਮਿਤੀ 01.04.2021 ਨੂੰ ਇਸ਼ਤਿਹਾਰ ਦਿੱਤਾ ਗਿਆ ਹੈ। ਇਨ੍ਹਾਂ ਅਸਾਮੀਆ ਲਈ ਜਿਹਨਾ ਉਮੀਦਵਾਰਾ ਨੇ ਅਪਲਾਈ ਕੀਤਾ ਸੀ, ਉਨ੍ਹਾਂ ਵਿਚੋ ਸਿਲੈਕਟ ਹੋਏ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ। ਇਨ੍ਹਾਂ ਸਿਲੈਕਟ ਕੀਤੇ ਉਮੀਦਵਾਰਾਂ ਦੀ ਲਿਸਟਾ ਵੱਖ ਵੱਖ ਮਿਤੀਆਂ ਨੂੰ ਵਿਭਾਗ ਦੀ ਵੈਬਸਾਇਟ http://educationrecruitmentboard.com ਤੇ ਅਪਲੋਡ ਕੀਤੀਆ ਗਈਆ ਸਨ। ਇਸ ਉਪਰੰਤ ਸਿਲੈਕਟ ਉਮੀਦਵਾਰਾ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ।

2.0 ਜਿਨ੍ਹਾਂ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ, ਉਨ੍ਹਾਂ ਨੂੰ ਹੁਣ ਵਿਭਾਗ ਵੱਲੋਂ ਸਟੇਸ਼ਨ ਅਲਾਟ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ।

3.0 ਸਾਰੇ ਨਵ-ਨਿਯੁਕਤ ਲੈਕਚਰਾਰਾ ਦੀ ਵਿਸ਼ੇ ਵਾਰ ਸਟੇਸ਼ਨ ਚੋਣ ਸੂਚੀ ਤਿਆਰ ਕੀਤੀ ਗਈ ਹੈ, ਜ਼ੋ ਕਿ ਇਹਨ੍ਹਾਂ ਦੇ ਵਟਸਐਪ ਗਰੁੱਪਾਂ ਵਿੱਚ ਵਖਰੇ ਤੌਰ ਤੇ ਅਪਲੋਡ ਕੀਤੀ ਜਾਵੇਗੀ। ਸਮੂਹ ਨਵ-ਨਿਯੁਕਤ ਲੈਕਚਰਾਰਾਂ ਨੂੰ ਤੈਨਾਤੀ ਲਈ ਸਟੇਸ਼ਨ ਦੀ ਚੋਣ ਇਸ ਚੋਣ ਸੂਚੀ ਵਿੱਚ ਦਰਜ ਕ੍ਰਮ ਅਨੁਸਾਰ ਕਰਵਾਈ ਜਾਵੇਗੀ।

4.0 ਇਹ ਨਵ-ਨਿਯੁਕਤ ਲੈਕਚਰਾਰ ਮਿਤੀ 10.09.2021 ਨੂੰ ਹੇਠ ਦਰਸਾਏ ਸਥਾਨ ਤੇ ਨਿੱਜੀ ਤੌਰ ਤੇ ਹਾਜਰ ਹੋ ਕੇ ਆਪਣਾ ਸਟੇਸ਼ਨ ਚੋਣ ਕਰਨਗੇ। ਸਾਰੇ ਨਵ-ਨਿਯੁਕਤ ਲੈਕਚਰਾਰ ਆਪਣੇ ਨਾਲ ਆਪਣਾ ਨਿਯੁਕਤੀ ਪੱਤਰ, ਅਪਲਾਈ ਕਰਨ ਦਾ ਸਬੂਤ ਅਤੇ ਆਪਣਾ ਪਹਿਚਾਣ ਪੱਤਰ ਲੈ ਕੇ ਹੇਠਾ ਦਰਸਾਏ ਅਨੁਸਾਰ ਸਥਾਨ ਤੇ ਹਾਜਰ ਹੋਣਗੇ:-

| ਲੜੀ ਨੰ: | ਲੈਕਚਰਾਰ ਕਾਡਰ ਦੀ ਅਸਾਮੀ ਦਾ ਵਿਸਾ | ਬੁਲਾਏ ਜਾਣ ਵਾਲੇ ਉਮੀਦਵਾਰ | ਸਮਾਂ | ਸਥਾਨ ਜਿਥੇ ਨਿਯੁਕਤੀ ਪੱਤਰ ਦਿੱਤਾ ਜਾਣਾ ਹੈ। |
|---|---|---|---|---|
| 1 | Backlog & Fresh Posts (English, Chemistry, Commerce and Physics Subjects) | All Selected Candidates | 11.00 ਵਜੇ | ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ। ਮਾਇਕਰੋਸੋਫਟ ਬਿਲਡਿੰਗ, ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਫੇਜ 3ਬੀ1, ਮੋਹਾਲੀ। |
| 2 | Backlog & Fresh Posts (Mathematics, Economics and Biology Subjects) | All Selected Candidates | 01.00 ਵਜੇ | |

5.0 ਸਿਰਫ ਵਿਸ਼ਾ ਵਾਰ ਸਟੇਸ਼ਨ ਚੋਣ ਸੂਚੀ ਅਨੁਸਾਰ ਸਟੇਸ਼ਨ ਅਲਾਟਮੈਂਟ ਕੀਤੀ ਜਾਵੇਗੀ। ਅਗਰ ਕੋਈ ਨਵ-ਨਿਯੁਕਤ ਲੈਕਚਰਾਰ ਆਪਣੇ ਸਟੇਸ਼ਨ ਅਲਾਟਮੈਂਟ ਲਈ ਉੱਚ ਅਧਿਕਾਰੀਆ ਪਾਸ ਕਿਸੇ ਵੀ ਤਰ੍ਹਾਂ ਪਹੁੰਚ ਕਰੇਗਾ ਜਾ ਕਿਸੇ ਵੀ ਤਰ੍ਹਾਂ ਸਿਫਾਰਿਸ਼ ਕਰਵਾਏਗਾ ਤਾ ਉਸ ਨੂੰ ਉਸ ਦੀ ਪਸੰਦ ਅਨੁਸਾਰ ਸਟੇਸ਼ਨ ਅਲਾਟ ਨਹੀ ਕੀਤਾ ਜਾਵੇਗਾ ਅਤੇ ਵਿਭਾਗ ਵੱਲੋਂ ਉਸ ਨੂੰ ਆਪਣੇ ਆਪ ਸਟੇਸ਼ਨ ਅਲਾਟ ਕਰ ਦਿੱਤਾ ਜਾਵੇਗਾ। ਇਸ ਸਬੰਧੀ ਪਹਿਲਾ ਹੀ ਪੰਜਾਬ ਸਰਕਾਰ ਦੇ ਸਰਕਾਰੀ ਕਰਮਚਾਰੀ(ਕੰਡਕਟ) ਰੂਲਜ, 1966 ਵਿੱਚ ਸਪਸ਼ਟ ਤੌਰ ਤੇ ਦਰਜ ਕੀਤਾ ਹੋਇਆ ਹੈ। ਇਸ ਲਈ ਨੱਵ-ਨਿਯੁਕਤ ਲੈਕਚਰਾਰਾ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਨ੍ਹਾਂ ਵੱਨੋਂ ਸਟੇਸ਼ਟ ਅਲਾਟਮੈਂਟ ਲਈ ਵਿਭਾਗ ਤੇ ਕਿਸੇ ਵੀ ਤਰ੍ਹਾਂ ਦੇ ਬਾਹਰੀ ਦਬਾਅ ਪਾਉਣ ਤੋ ਗੁਰੇਜ਼ ਕੀਤਾ ਜਾਵੇ।

6.0 ਅਗਰ ਕੋਈ ਨਵ-ਨਿਯੁਕਤ ਲੈਕਚਰਾਰ ਆਪਣਾ ਸਟੇਸ਼ਨ ਚੋਣ ਕਰਨ ਲਈ ਹਾਜਰ ਨਹੀ ਹੁੰਦਾ ਤਾ ਵਿਭਾਗ ਵੱਲੋਂ ਉਸ ਨੂੰ ਆਪਣੇ ਪੱਧਰ ਤੇ ਸਟੇਸ਼ਨ ਅਲਾਟ ਕਰ ਦਿੱਤਾ ਜਾਵੇਗਾ।

7.0 ਸਾਰੇ ਅਧਿਆਪਕ ਸਰਕਾਰ ਦੀਆ ਕੋਵਿਡ-19 ਦੀਆ ਹਦਾਇਤਾ ਨੂੰ ਮੱਦੇਨਜਰ ਰੱਖਦੇ ਹੋਏ ਮਾਸਕ ਲਗਾਕੇ ਆਉਣਗੇਂ ਅਤੇ ਸ਼ੋਸ਼ਲ ਡਿਸਟੈਂਸਿੰਗ ਰੱਖਣਾ ਯਕੀਨੀ ਬਣਾਉਣਗੇ।

09.09.2021

ਸਹਾਇਕ ਡਾਇਰੈਕਟਰ(ਸ:ਪ੍ਰ.-1)

ਮਿਤੀ 09.09.2021

Scanned with CamScanner

# ਦਫਤਰ ਡਾਇਰੈਕਟਰ ਸਿੱਖਿਆ(ਸੈ.ਸਿ), ਪੰਜਾਬ

(ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਐਸ.ਏ.ਐਸ ਨਗਰ)

## ਪਬਲਿਕ ਨੋਟਿਸ

**(ਲੈਕਚਰਾਰ ਕਾਡਰ (ਬੈਕਲਾਗ ਅਤੇ ਸਿੱਧੀ ਭਰਤੀ) ਦੀਆਂ ਅਸਾਮੀਆਂ ਵਿਰੁੱਧ ਸਿਲੈਕਟ ਹੋਏ ਉਮੀਦਵਾਰਾਂ ਨੂੰ ਸਟੇਸ਼ਨ ਅਲਾਟ ਕਰਨ ਲਈ ਸੱਦਾ)**

1.0 ਸਿੱਖਿਆ ਵਿਭਾਗ, ਪੰਜਾਬ ਵਿੱਚ ਲੈਕਚਰਾਰ ਕਾਡਰ(ਬੈਕਲਾਗ ਅਤੇ ਸਿੱਧੀ ਭਰਤੀ) ਦੀਆਂ ਵੱਖ-ਵੱਖ ਵਿਸ਼ਿਆ ਦੀਆਂ ਅਸਾਮੀਆ ਭਰਤੀ ਲਈ ਮਿਤੀ 01.04.2021 ਨੂੰ ਇਸ਼ਤਿਹਾਰ ਦਿੱਤਾ ਗਿਆ ਹੈ। ਇਨ੍ਹਾਂ ਅਸਾਮੀਆ ਲਈ ਜਿਹਨਾ ਉਮੀਦਵਾਰਾ ਨੇ ਅਪਲਾਈ ਕੀਤਾ ਸੀ, ਉਨ੍ਹਾਂ ਵਿਚੋ ਸਿਲੈਕਟ ਹੋਏ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ। ਇਨ੍ਹਾਂ ਸਿਲੈਕਟ ਕੀਤੇ ਉਮੀਦਵਾਰਾਂ ਦੀ ਲਿਸਟਾ ਵੱਖ ਵੱਖ ਮਿਤੀਆਂ ਨੂੰ ਵਿਭਾਗ ਦੀ ਵੈਬਸਾਇਟ http://educationrecruitmentboard.com ਤੇ ਅਪਲੋਡ ਕੀਤੀਆ ਗਈਆ ਸਨ। ਇਸ ਉਪਰੰਤ ਸਿਲੈਕਟ ਉਮੀਦਵਾਰਾ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ।

2.0 ਜਿਨ੍ਹਾਂ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ, ਉਨ੍ਹਾਂ ਨੂੰ ਹੁਣ ਵਿਭਾਗ ਵੱਲੋਂ ਸਟੇਸ਼ਨ ਅਲਾਟ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ।

3.0 ਇਨ੍ਹਾਂ ਨਵ-ਨਿਯੁਕਤ ਲੈਕਚਰਾਰਾ ਨੂੰ ਸਟੇਸ਼ਨ ਅਲਾਟ ਕਰਨ ਲਈ ਹੇਠ ਲਿਖਿਆ ਕੈਟਾਗਰੀਆ ਨੂੰ ਪ੍ਰਾਥਮਿਕਤਾ ਦੇਣ ਦੀ ਤਜਵੀਜ ਹੈ:-

1. ਵਿਧਵਾ ਕੇਸ।
2. ਕੈਂਸਰ ਦੇ ਮਰੀਜ, ਖਰਾਬ ਕਿਡਨੀ ਦੇ ਮਰੀਜ(ਖੁਦ ਅਧਿਆਪਕ ਜੋ ਡਾਇਲਸਿਸ ਤੇ ਹੋਣ)।
3. ਜਿਨ੍ਹਾਂ ਦੇ ਬੱਚੇ 60 ਪ੍ਰਤੀਸ਼ਤ ਤੋਂ ਵੱਧ ਡਿਸਏਬਲਡ ਹੋਣ, ਕੈਂਸਰ ਅਤੇ ਖਰਾਬ ਕਿਡਨੀ(ਡਾਇਲਸਿਸ ਤੇ ਹੋਣ) ਤੋਂ ਪੀੜਿਤ ਹੋਣ।

4.0 ਜੋ ਲੈਕਚਰਾਰ ਉਪਰੋਕਤ ਕੈਟਾਗਰੀ ਅਧੀਨ ਲਾਭ ਲੈਣਾ ਚਾਹੁੰਦੇ ਹਨ, ਉਹ ਉਪਰੋਕਤ ਕੈਟਾਗਰੀ ਦੇ ਨਾਲ ਸਬੰਧਤ ਦਸਤਾਵੇਜ਼, ਸਮੇਤ ਨਿਯੁਕਤੀ ਪੱਤਰ ਦੀ ਕਾਪੀ ਇਕ ਪੀ.ਡੀ.ਐਫ. ਤਿਆਰ ਕਰਕੇ ਈ-ਮੇਲ ਆਈ.ਡੀ. lecturer569@gmail.com ਮਿਤੀ 09.09.2021 ਨੂੰ 3.00 ਵੱਜੇ ਤੱਕ ਭੇਜਣਗੇ। ਈ-ਮੇਲ ਦੇ ਸਬਜੈਕਟ ਵਿੱਚ ਆਪਣਾ ਲੈਕਚਰਾਰ ਕਾਡਰ ਦਾ ਵਿਸ਼ਾ ਵੀ ਦਰਜ ਕਰੋਗੇ। ਇਸ ਉਪਰੰਤ ਪ੍ਰਾਪਤ ਹੋਣ ਵਾਲੀ ਈ-ਮੇਲ ਤੇ ਕਿਸੇ ਵੀ ਸੂਰਤ ਵਿੱਚ ਵਿਚਾਰ ਨਹੀ ਕੀਤਾ ਜਾਵੇਗਾ।

5.0 ਇਨ੍ਹਾ ਵੱਲੋਂ ਭੇਜੇ ਜਾਣ ਵਾਲੇ ਦਸਤਾਵੇਜ਼ ਵੈਰੀਫਾਈ ਕਰਨ ਉਪਰੰਤ ਹੀ ਇਨ੍ਹਾਂ ਲੈਕਚਰਾਰਾਂ ਨੂੰ ਉਪਰੋਕਤ ਕੈਟਾਗਰੀ ਵਿੱਚ ਪਹਿਲ ਦੇ ਆਧਾਰ ਤੇ ਸਟੇਸ਼ਨ ਦੇਣ ਲਈ ਵਿਚਾਰ ਕੀਤਾ ਜਾਵੇਗਾ।

6.0 ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਨੋਟਿਸ ਜਾਰੀ ਕਰਨ ਨਾਲ ਉਪਰੋਕਤ ਕੈਟਾਗਰੀ ਦੇ ਲੈਕਚਰਾਰਾਂ ਦਾ ਪਹਿਲਾ ਸਟੇਸ਼ਨ ਲੈਣ ਦਾ ਹੱਕ ਨਹੀ ਬਣ ਜਾਦਾ। ਇਹਨਾਂ ਨੂੰ ਪਹਿਲ ਦੇ ਆਧਾਰ ਤੇ ਸਟੇਸ਼ਨ ਅਲਾਟ ਕਰਨ ਜਾਂ ਨਾ ਕਰਨ ਬਾਰੇ ਜੋ ਵੀ ਵਿਭਾਗ ਵੱਲੋ ਫੈਸਲਾ ਕੀਤਾ ਜਾਵੇਗਾ ਉਹ ਆਖਰੀ ਹੋਵੇਗਾ।

09.09.2021

ਸਹਾਇਕ ਡਾਇਰੈਕਟਰ(ਸ:ਪ੍ਰ.-1)

ਮਿਤੀ 09.09.2021

Scanned with CamScanner